# ਕਬਿ ਕਲ ਸੁਜਸੁ ਗਾਵਉ ਗੁਰ ਨਾਨਕ-੩

ਪਿਛਲੇ ਦੋ ਅੰਕ ਜੋੜ ਕੇ ਪੜ੍ਹੋ ਜੀ। ਇਹ, 'ਸਵਈਏ ਮਹਲੇ ਪਹਿਲੇ ਕੇ ੧' ਬਾਣੀ ਵਿਚ ਅਗਲੇ, ਪੰਜਵੇਂ ਅਤੇ ਛੇਵੇਂ ਸਵਈਏ ਦੀ ਵਿਆਖਿਆ ਹੈ:

**ਗਾਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ॥**

-- ਚਾਰੇ ਵਰਣ, ਛਿਹ ਸ਼ਾਸਤਰ ਅਤੇ ਬ੍ਰਹਮਾ ਆਦਿਕ ਦੇਵਤੇ, ਗੁਰੂ ਨਾਨਕ ਦੇ ਗੁਣਾਂ ਨੂੰ ਸਿਮਰ ਰਹੇ ਹਨ।

ਛਿਹ ਸ਼ਾਸਤਰ ਹਨ: ੧. ਕਣਾਦ ਮੁਨੀ ਦਾ ਰਚਿਆ, ਵੈਸ਼ੇਸਿਕ, ੨. ਗੋਤਮ ਰਿਖੀ ਦਾ, ਨਯਾਯ, ੩. ਕਪਿਲ ਮੁਨੀ ਦਾ, ਸਾਂਖਯ, ੪. ਪਾਤੰਜਲ ਜਾਂ ਜੋਗ ਦਰਸ਼ਨ, ੫. ਜੈਮਿਨੀ ਰਿਖੀ ਦਾ, ਮੀਮਾਂਸਾ, ੬. ਵੇਦ ਵਿਆਸ ਦਾ, ਵੇਦਾਂਤ।

ਇਨ੍ਹਾਂ ਵਿਚੋਂ ਅਤੇ ਕਈ ਹੋਰ ਧਰਮ ਗ੍ਰੰਥਾਂ ਦਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਗਾਇਨ ਕੀਤੇ ਗੁਣਾਂ ਦਾ ਵਿਸਤ੍ਰਿਤ ਵਰਣਨ ਜਾਣਨ ਲਈ ਹੇਠ ਲਿਖੇ ਲਿੰਕ ਨੂੰ ਖੋਲ ਕੇ ਵਾਚੋ ਜੀ:
http://sikhis.com/guru-nanak-some-tributes
(Please copy the link and paste in your browser.)

**ਗਾਵੈ ਗੁਣ ਸੇਸੁ ਸਹਸ ਜਿਹਬਾ ਰਸ ਆਦਿ ਅੰਤਿ ਲਿਵ ਲਾਗਿ ਧੁਨਾ॥**

-- ਗੁਰੂ ਨਾਨਕ ਦੇ ਗੁਣ, ਹਜ਼ਾਰਾਂ ਜੀਭਾਂ ਵਾਲਾ ਸ਼ੇਸ਼ਨਾਗ, ਪ੍ਰੇਮ ਰਸ ਵਿਚ, ਹਮੇਸ਼ਾਂ, ਲਿਵ ਲਗਾ ਕੇ, ਧੁਨੀ ਵਿਚ ਗਾ ਰਿਹਾ ਹੈ।

ਉਸ ਦੇ ਸਾਰੀਆਂ ਜੀਭਾਂ ਨਾਲ ਇਤਨੇ ਗੁਣ ਸਿਮਰ ਕੇ ਵੀ ਗੁਣਾਂ ਦਾ ਅੰਤ ਨਹੀਂ ਹੁੰਦਾ। ਸ੍ਰੀ ਗੁਰੂ ਰਾਮਦਾਸ ਸਾਹਿਬ ਇਸ ਤੱਥ ਦੀ ਗਵਾਹੀ, ਪੰਨਾ ੧੩੦੯ ਤੇ ਇੰਞ ਭਰਦੇ ਹਨ - 'ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ॥'

**ਗਾਵੈ ਗੁਣ ਮਹਾਦੇਉ ਬੈਰਾਗੀ ਜਿਨਿ ਧਿਆਨ ਨਿਰੰਤਰ ਜਾਣਿਓ॥**

-- ਜਿਸ ਗੁਰੂ ਨਾਨਕ ਨੇ ਲਗਾਤਾਰ ਅਕਾਲ ਪੁਰਖ ਵਿਚ ਧਿਆਨ ਇਕਾਗਰ ਕਰ ਲਿਆ ਹੈ, ਉਸ ਗੁਰੂ ਦੇ ਗੁਣ, ਵੈਰਾਗੀ, ਇਛਾ ਰਹਿਤ, ਮਹਾਦੇਉ, ਸ਼ਿਵ ਵੀ ਗਾਉਂਦਾ ਹੈ।

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥੫॥**

-- ਕਵੀ ਕਲ, ਉਸ ਗੁਰੂ ਨਾਨਕ ਦਾ ਸੋਹਣਾ ਜਸ ਗਾਇਨ ਕਰਦਾ ਹੈ, ਸਿਮਰਦਾ ਹੈ, ਜਿਸ ਨੇ ਰਾਜ ਜੋਗ ਮਾਣਿਆ ਹੈ, ਜਿਸ ਕੋਲ ਸਾਰੀ ਕਾਇਨਾਤ ਦਾ ਰਾਜ ਹੈ, ਦੋਨਾਂ ਜਹਾਨਾਂ ਵਿਚ ਉਹ Sovereign ਹੈ ਅਤੇ ਪ੍ਰਭੂ ਨਾਲ ਜੋਗ ਕੀਤਾ ਹੋਇਆ ਹੈ, ਇਕ ਰੂਪ ਹੈ।੫।

**ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ॥**

-- ਉਹ ਗੁਰੂ ਨਾਨਕ, ਜਿਸ ਨੇ ਰਾਜ ਅਤੇ ਜੋਗ ਮਾਣੇ ਹਨ, ਉਸ ਦੇ ਹਿਰਦੇ ਵਿਚ ਨਿਰਵੈਰ, ਅਕਾਲ ਪੁਰਖ ਵਸ ਰਿਹਾ ਹੈ।

ਭਾਈ ਗੁਰਦਾਸ ਜੀ ਜੀ ਦੇ ਬਚਨਾਂ ਅਨੁਸਾਰ ਗੁਰੂ ਨਾਨਕ ਸਾਹਿਬ ਆਪ ਹੀ ਪਾਰਬ੍ਰਹਮ ਹਨ, ਪੂਰਣ ਬ੍ਰਹਮ ਦਾ ਸਾਕਾਰ ਸਰੂਪ ਹੀ ਹਨ, ਜਾਂ ਇਉਂ ਕਹਿ ਲਈਏ ਕਿ ਪਾਰਬ੍ਰਹਮ ਆਪ ਹੀ ਸਾਕਾਰ ਰੂਪ ਧਾਰ ਕੇ ਗੁਰੂ ਨਾਨਕ ਬਣ ਕੇ ਆ ਗਿਆ - 'ਪਾਰਬ੍ਰਹਮੁ ਪੂਰਣ ਬ੍ਰਹਮੁ ਗੁਰੁ ਨਾਨਕ ਦੇਉ॥', ਵਾਰ ੧੩:੨੫. ਭਾਈ ਗੁਰਦਾਸ ਜੀ ਨੇ ਤਾਂ ਇਥੋਂ ਤਕ ਸਪੱਸ਼ਟ ਕੀਤਾ ਹੈ ਕਿ

ਗੁਰੂ ਨਾਨਕ, ਆਪ ਹੀ ਨਿਰੰਕਾਰ ਹਨ ਅਤੇ ਨਿਰੰਕਾਰ ਨੇ ਹੀ ਆਪਣਾ ਆਕਾਰ ਬਣਾ ਲਿਆ ਹੈ - 'ਨਿਰੰਕਾਰੁ ਨਾਨਕ ਦੇਉ  ਨਿਰੰਕਾਰਿ ਆਕਾਰ ਬਣਾਇਆ॥', ਵਾਰ ੨੪:੨੫.

**ਸ੍ਰਿਸ਼ਟਿ ਸਗਲ ਉਧਰੀ  ਨਾਮਿ ਲੇ ਤਰਿਓ ਨਿਰੰਤਰਿ॥**

-- ਉਸ ਗੁਰੂ ਨਾਨਕ ਤੋਂ ਨਾਮ ਲੈ ਕੇ ਸਾਰੀ ਭਗਤ-ਸ੍ਰਿਸ਼ਟੀ ਦਾ ਲਗਾਤਾਰ, ਉਧਾਰ ਹੋ ਰਿਹਾ ਹੈ, ਸਾਰੀ, ਭਗਤਾਂ ਦੀ ਸ੍ਰਿਸ਼ਟੀ ਭਵ ਸਾਗਰ ਤੋਂ ਤਰਦੀ ਜਾ ਰਹੀ ਹੈ।

ਭਾਈ ਗੁਰਦਾਸ ਜੀ ਦਸਦੇ ਹਨ ਕਿ ਗੁਰੂ ਨਾਨਕ ਨੇ, ਪ੍ਰਭੂ ਦਾ ਸਚਾ ਨਾਮ ਸਭ ਨੂੰ ਜਪਾ ਦਿਤਾ, ਇਹੀ ਤਾਂ ਉਹ ਕਰਣ ਲਈ ਆਏ ਸਨ। ਕਰਤਾਰਪੁਰ ਵਿਖੇ ਧਰਮ ਦਾ ਘਰ ਵਸਾ ਕੇ, ਸਾਧ ਸੰਗਤਿ ਦਾ ਸਚ ਖੰਡ ਵਸਾ ਦਿਤਾ - 'ਸਤਿ ਰੂਪੁ ਸਤਿਨਾਮੁ ਕਰਿ  ਸਤਿਗੁਰ ਨਾਨਕ ਦੇਉ ਜਪਾਇਆ॥ ਧਰਮਸਾਲ ਕਰਤਾਰ ਪੁਰੁ  ਸਾਧ ਸੰਗਤਿ  ਸਚਖੰਡ ਵਸਾਇਆ॥', ਵਾਰ ੨੪:੧.

**ਗੁਣ ਗਾਵਹਿ ਸਨਕਾਦਿ ਆਦਿ  ਜਨਕਾਦਿ ਜੁਗਹ ਲਗਿ॥**

-- ਬ੍ਰਹਮਾ ਦੇ ਸਨਕ ਆਦਿ ਸਾਰੇ ਪੁਤਰ ਅਰੰਭ ਤੋਂ ਹੀ ਅਤੇ ਜਨਕ ਵਰਗੇ ਭਗਤ, ਜੁਗਾਂ ਜੁਗਾਂ ਤੋਂ ਲਗ ਕੇ, ਗੁਰੂ ਨਾਨਕ ਦੇ ਗੁਣ ਗਾਉਂਦੇ ਆ ਰਹੇ ਹਨ, ਸਿਮਰਦੇ ਹਨ।

**ਧੰਨਿ ਧੰਨਿ ਗੁਰੁ ਧੰਨਿ  ਜਨਮੁ ਸਕਯਥੁ ਭਲੌ ਜਗ॥**

-- ਧੰਨ ਹਨ ਧੰਨ ਹਨ ਗੁਰੂ ਨਾਨਕ ਧੰਨ ਹਨ, ਇਸ ਜਗ ਤੇ ਉਨ੍ਹਾਂ ਦਾ ਆਗਮਨ ਸਕਾਰਥ ਹੋਇਆ ਹੈ।

ਗੁਰੂ ਨਾਨਕ ਸਾਹਿਬ ਦੇ ਆਉਣ ਦੇ ਪ੍ਰਯੋਜਨ ਦੀ ਪੂਰਤੀ ਬਾਰੇ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਬਖ਼ੂਬੀ ਬਿਆਨ ਕਰਦੇ ਹਨ ਕਿ ਗੁਰੂ ਸਾਹਿਬ ਨੇ ਚਾਰੇ ਦਿਸ਼ਾਵਾਂ, ਪ੍ਰਿਥਵੀ ਦੇ ਸਾਰੇ ਨੌਂ ਖੰਡ ਤਾਰ ਦਿਤੇ, ਸਭ ਪਾਸੇ, ਦੁਨੀਆਂ ਨੂੰ ਸਚ ਦੇ ਮਾਰਗ ਤੇ ਪਾ ਦਿਤਾ, ਉਹ ਅਜਿਹਾ ਗੁਰਮੁਖ, ਇਸ ਕਲਿਜੁਗ ਵਿਚ ਪ੍ਰਗਟ ਹੋਇਆ - 'ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ  ਸਚਾ ਢੋਆ॥ ਗੁਰਮੁਖਿ ਕਲਿ ਵਿਚ ਪਰਗਟੁ ਹੋਆ॥', ਵਾਰ ੧:੨੭.

**ਪਾਤਾਲ ਪੁਰੀ ਜੈਕਾਰ ਧੁਨਿ  ਕਬਿ ਜਨ ਕਲ ਵਖਾਣਿਓ॥**

-- ਦਾਸ ਕਲ ਕਵੀ ਬਖਾਨ ਕਰਦਾ ਹੈ ਕਿ ਪਾਤਾਲ ਲੋਕ ਤੋਂ ਵੀ ਗੁਰੂ ਨਾਨਕ ਦੇ ਜੈ ਜੈ ਕਾਰ ਦੀ ਧੁਨੀ ਗੂੰਜ ਰਹੀ ਹੈ।

**ਹਰਿ ਨਾਮ ਰਸਿਕ ਨਾਨਕ ਗੁਰ  ਰਾਜੁ ਜੋਗੁ ਤੈ ਮਾਣਿਓ॥੬॥**

-- ਹੇ ਗੁਰੂ ਨਾਨਕ ! ਤੂੰ ਹਰੀ ਪ੍ਰਭੂ ਦੇ ਨਾਮ ਦਾ ਰਸੀਆ ਹੈਂ ਅਤੇ ਤੂੰ ਸੰਸਾਰਕ ਅਤੇ ਰੂਹਾਨੀ, ਦੋਹਾਂ ਦੁਨੀਆਂ ਦੀ ਪਾਤਸ਼ਾਹੀ Sovereignty ਮਾਣਦਾ ਹੈਂ।੬।

ਇਹੀ ਤਾਂ ਭੱਟ ਕਲਸਹਾਰ ਜੀ ਨੇ ਸਪੱਸ਼ਟ ਕੀਤਾ ਹੈ ਕਿ ਆਦਿ ਪੁਰਖ, ਭਾਵ, ਅਕਾਲ ਪੁਰਖ ਦਾ ਫ਼ੁਰਮਾਣ ਹੈ ਕਿ ਇਸੇ ਗੁਰ-ਜੋਤਿ ਦਾ ਰਾਜ ਇਸਥਿਤ ਤੇ ਸਦਾ ਕਾਇਮ ਰਹਿਣ ਵਾਲਾ ਹੈ - 'ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥', ਪੰਨਾ ੧੩੯੦.

